**Roll No:**

**Sr. No. of Question Paper: 4027** **C**
**Unique Paper Code: 212381**
**Name of the Paper: Punjabi Elective Language-A (CP 3.4)**
**Name of the Course: B.Com (Prog)**
**Semester: III**

**Duration: 3 Hours** **Max Marks: 75**

**ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਇਕਾਂਗੀ ਦੀ ਪਰਿਭਾਸ਼ਾ ਲਿਖੋ ਅਤੇ ਇਸਦੇ ਤੱਤਾਂ ਬਾਰੇ ਚਰਚਾ ਕਰੋ। (10)

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ **ਇਕ** ਦੇ ਵਿਸ਼ਾ ਵਸਤੂ ਅਤੇ ਕਥਾਨਕ ਨੂੰ ਆਪਣੇ ਸ਼ਬਦਾਂ ਵਿਚ ਲਿਖੋ :

   (ੳ) ਮਾਂ ਦਾ ਡਿਪਟੀ
   (ਅ) ਪਿੱਛਲ ਪੈਰੀ
   (ੲ) ਤਰਕਾਲਾਂ ਵੇਲੇ (10)

3. 'ਚੋਣਵੇਂ ਪੰਜਾਬੀ ਇਕਾਂਗੀ' ਪੁਸਤਕ ਦੇ ਕਿਸੇ **ਇੱਕ** ਇਕਾਂਗੀ ਵਿਚਲੇ ਉਸ ਪਾਤਰ ਦਾ ਚਰਿੱਤਰ ਚਿਤਰਣ ਕਰੋ ਜਿਸਨੇ ਤੁਹਾਨੂੰ ਬਹੁਤ ਪ੍ਰਭਾਵਤ ਕੀਤਾ। ਇਸ ਪਾਤਰ ਦੀ ਰੰਗਮੰਚੀ ਸਾਰਥਕਤਾ ਵਲ ਵੀ ਸੰਕੇਤ ਕਰੋ। (10)

**ਜਾਂ**

ਹੇਠ ਲਿਖੇ ਵਾਰਤਾਲਾਪਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   (ੳ) ਨਾ ਸੱਚ ਕਹਿੰਦਾ ਏ ਮੁੰਡਾ ਕਿ ਓੜਕ ਦਮਾਂ ਦੇ ਕੰਮ ਦਮਾਂ ਨਾਲ ਈ ਹੋਣੇ ਨੇ। ਕੋਈ ਦੋ ਤਿੰਨ ਵੀਹਾਂ ਤੂੰ ਸ਼ਾਹ ਕੋਲੋਂ ਫੜ ਲੈ ਤੇ ਹੋਰ ਕੁਝ ਦਾਣਾ ਫੱਕਾ ਵੇਚ ਦੇ।
   (ਅ) ਦੇਖੋ, ਸੱਜੀ ਅੱਖ। ਇਕ ਵਾਰ ਪਹਿਲਾਂ ਵੀ, ਜਦੋਂ ਤੁਹਾਨੂੰ ਬੁਖ਼ਾਰ ਚੜ੍ਹਿਆ ਸੀ, ਮੇਰੀ ਸੱਜੀ ਅੱਖ ਫੜਕਨ ਲਗ ਪਈ ਸੀ। ਉਸ ਪਿਛੋਂ ਅੱਜ। ਤੁਸੀਂ ਉਸ ਬਗ਼ੈਰ ਇਕੱਲੇ ਆਏ ਕਿਉਂ ? ਕਿਉਂ ਆਏ ? ਮੇਰੇ ਗੋਲ ਮਟੋਲ ਗੁੱਡੂ ਨੂੰ ਛੱਡ ਕੇ ਕਿਉਂ ਆਏ ?

**P.T.O.**

4. ਪੰਜਾਬੀ ਨਾਟਕ ਦੇ ਜਨਮ ਅਤੇ ਵਿਕਾਸ ਨੂੰ ਆਪਣੇ ਸ਼ਬਦਾਂ ਵਿਚ ਲਿਖੋ। (8)

5. ਪੰਜਾਬੀ ਰੰਗ ਮੰਚ ਦੀ ਮੌਜੂਦਾ ਸਥਿਤੀ ਬਾਰੇ ਆਪਣੇ ਸ਼ਬਦਾਂ ਵਿਚ ਲਿਖੋ ਅਤੇ ਇਸਦੇ ਇਤਿਹਾਸ ਬਾਰੇ ਸੰਖੇਪ ਵਿਚ ਦਸੋ। (7)

6. ਖੇਡਾਂ ਦੇ ਮਹੱਤਵ ਬਾਰੇ ਦਸਦੇ ਹੋਏ ਵੱਡੀ ਭੈਣ ਵਲੋਂ ਨਿੱਕੇ ਭਰਾ ਨੂੰ ਇਕ ਚਿੱਠੀ ਲਿਖੋ।

ਜਾਂ

ਬੈਂਕ ਮੈਨੇਜਰ ਨੂੰ ਕਿਸੇ ਇਕ ਕਲਰਕ ਦੇ ਰੁੱਖੇ ਵਤੀਰੇ ਵਿਰੁੱਧ ਇਕ ਸ਼ਿਕਾਇਤੀ ਚਿੱਠੀ ਲਿਖੋ। (10)

7. ਹੇਠ ਲਿਖੇ ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ : (10)
Accountant, Advance, Audit, Employee, Copy, Document, Actor, Article, Belief, Comedy

8. ਤੁਸੀਂ ਆਪਣਾ ਸਕੂਟਰ ਵੇਚਣਾ ਹੈ। 'ਸਕੂਟਰ ਵਿਕਾਊ ਹੈ' ਵਿਸ਼ੇ ਹੇਠ ਇਸ ਸੰਬੰਧੀ ਇਕ ਅਖ਼ਬਾਰੀ ਇਸ਼ਤਿਹਾਰ ਲਿਖੋ। (5)

9. ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : (5)
ਜੇਹਾ, ਸ਼ੈਹਰ, ਸੋਹਣਾ, ਸੀਸਾ, ਸੂਰਯ